ਪਤਿਤਪੁਣਾ ਰੋਕਣ ਵਿਚ ਮਾਤਾ ਪਿਤਾ ਦਾ ਯੋਗਦਾਨ

ਅਜ ਸਿਖ ਜਗਤ ਵਿਚ ਪਤਿਤਪੁਣੇ ਦਾ ਜ਼ਹਿਰ ਬਹੁਤ ਫ਼ੈਲ ਰਿਹਾ ਹੈ। ਨੌਜਵਾਨ ਪੀੜ੍ਹੀ ਧਰਮ ਤੋਂ ਲਾਂਭੇ ਜਾ ਰਹੀ ਹੈ। ਬਚੇ ਨਸ਼ਿਆਂ ਅਤੇ ਹੋਰ ਸਮਾਜਕ ਕੁਰੀਤੀਆਂ ਨਾਲ ਖ਼ੁਆਰ ਹੋ ਰਹੇ ਨੇ। ਕਿਸੇ ਕੋਲ ਅਜ ਸਮਾਂ ਨਹੀਂ ਕਿ ਉਹ ਕੁਰਾਹੇ ਜਾਂਦੀ ਨਵੀਂ ਪੀੜ੍ਹੀ ਨੂੰ ਸਿਧਾ ਮਾਰਗ ਭਾਵ, ਗੁਰਮਤਿ ਦਰਸਾਵੇ। ਆਖ਼ਰ ਬਚਿਆਂ ਨੂੰ ਇਉਂ ਤਾਂ ਨਹੀਂ ਛਡਿਆ ਜਾ ਸਕਦਾ! ਕਿਸੇ ਵੀ ਦੇਸ਼, ਸਮਾਜ, ਕੌਮ ਦਾ ਭਵਿਖ, ਦੁਨੀਆਂ ਵਿਚ ਆਉਣ ਵਾਲੇ ਬਚੇ ਹੁੰਦੇ ਹਨ। ਮਾਤਾ-ਪਿਤਾ ਦਾ ਫਰਜ਼ ਬਚਿਆਂ ਨੂੰ ਪਾਲ ਕੇ, ਖ਼ੁਰਾਕ ਦੇ ਕੇ, ਵਡਾ ਕਰਕੇ, ਧੰਨ-ਸੰਪਤੀ, ਪਦਾਰਥ ਆਦਿ ਦੇ ਕੇ ਪੂਰਾ ਨਹੀਂ ਹੁੰਦਾ। ਬਚਿਆਂ ਨੂੰ ਪਾਲਦੇ ਤਾਂ ਬਾਕੀ ਜੀਵ-ਜੰਤੂ ਵੀ ਹਨ। ਉਹ ਵੀ ਆਪਣੇ ਬਚਿਆਂ ਨੂੰ ਖ਼ੁਰਾਕ ਖਵਾਉਂਦੇ ਹਨ, ਉਹਨਾਂ ਨੂੰ ਸਹਾਰਾ ਦਿੰਦੇ ਹਨ, ਹਰ ਸੰਭਵ ਹਦ ਤਕ, ਉਹਨਾਂ ਦੀ ਰਖਵਾਲੀ ਕਰਦੇ ਹਨ। ਜਦੋਂ ਬੱਚੇ ਵੱਡੇ ਹੋ ਜਾਣ ਤਾਂ ਉਹ ਅਜ਼ਾਦ ਹਸਤੀ ਕਾਇਮ ਕਰਕੇ ਆਪਣਾ ਘਰ ਵਸਾ ਲੈਂਦੇ ਹਨ, ਪਰ ਮਨੁਖ ਬਾਕੀ ਜੀਵ-ਜੰਤੂਆਂ ਤੋਂ ਬਹੁਤ ਵਧ ਹੈ। ਕੇਵਲ ਮਨੁਖ ਹੀ ਹੈ, ਜੋ ਕਦਰਾਂ-ਕੀਮਤਾਂ ਨੂੰ ਸਮਝਦਾ ਹੈ, ਉਹਦਾ ਕੋਈ ਸਭਿਆਚਾਰ, ਵਿਸ਼ਵਾਸ ਹੁੰਦਾ ਹੈ। ਉਸਨੂੰ ਆਪਣੀ ਸੋਝੀ ਹੁੰਦੀ ਹੈ। ਸਿਰਫ਼ ਮਨੁਖ ਹੀ ਹੈ ਜਿਸਨੂੰ ਆਪਣੇ ਆਪੇ ਦਾ ਅਹਿਸਾਸ ਹੈ। ਉਹ ਦੁਨੀਆਂ ਵਿਚ ਆਪਣੇ ਆਉਣ ਦੇ ਪ੍ਰਯੋਜਨ ਨੂੰ ਨਾ ਕੇਵਲ ਸਮਝ ਸਕਦਾ ਹੈ ਬਲਕਿ ਉਸ ਨੂੰ ਪ੍ਰਾਪਤ ਕਰਨ ਦੀ ਸਮਰੱਥਾ ਵੀ ਰਖਦਾ ਹੈ। ਇਹੀ ਫ਼ਰਕ ਬਾਕੀ ਜੀਵ-ਜੰਤੂਆਂ ਅਤੇ ਮਨੁਖ ਵਿਚ ਆਪਣੀ ਸੰਤਾਨ ਨੂੰ ਵਡਾ ਕਰਨ ਵਿਚ ਵੀ ਹੋਣਾ ਚਾਹੀਦਾ ਹੈ।

ਸਾਡੇ ਵਡੇ ਵਡੇਰਿਆਂ ਨੇ ਬਹੁਤ ਪੁਰਾਤਨ ਸਮੇਂ ਤੋਂ ਹੀ ਇਸ ਲੋੜ ਨੂੰ ਸਮਝਿਆ ਸੀ ਅਤੇ ਆਪਣੀ ਸੰਤਾਨ ਨੂੰ ਧੰਨ-ਸੰਪਤੀ ਤੋਂ ਇਲਾਵਾ ਆਪਣੇ ਵਿਸ਼ਵਾਸ਼, ਸਭਿਆਚਾਰ ਅਤੇ ਕਦਰਾਂ ਕੀਮਤਾਂ ਨਾਲ ਭਰਪੂਰ ਵੀ ਕੀਤਾ ਸੀ। ਇਸੇ ਨੂੰ ਵੀ

ਸਿਖਲਾਈ ਜਾਂ ਵਿਦਿਆ ਵੀ ਕਹਿ ਸਕਦੇ ਹਾਂ। ਸਾਡੇ ਵਡੇ ਵਡੇਰੇ ਅਜਿਹੀ ਵਿਦਿਆ ਦੇ ਮਹਾਤਮ ਨੂੰ ਸਮਝਦੇ ਸਨ। ਉਹ ਜਾਣਦੇ ਸਨ ਕਿ ਇਸ ਦੀ ਪ੍ਰਕਿਰਿਆ ਮਾਤਾ ਦੇ ਗਰਭ ਵਿਚ ਹੀ ਆਰੰਭ ਹੋ ਜਾਂਦੀ ਹੈ। ਬਲਕਿ ਉਥੇ ਹੀ ਬਹੁਤ ਵਡਾ ਮਿਆਰ ਹਾਸਲ ਕਰ ਸਕਦੀ ਹੈ। ਅਧਿਆਤਮਵਾਦ ਦੇ ਇਤਿਹਾਸ ਵਿਚ ਪ੍ਰਹਿਲਾਦ ਦਾ ਪ੍ਰਸੰਗ ਸਾਡੇ ਸਾਹਮਣੇ ਹੈ ਜਿਸ ਨੂੰ ਮਾਤਾ ਦੇ ਗਰਭ ਵਿਚ ਹੀ ਨਾਰਦ ਮੁਨੀ ਜੀ ਦੀ ਸਿਖਿਆ ਨੇ ਭਗਤੀ ਸਿਖਾ ਦਿਤੀ ਸੀ। ਮਹਾਂ-ਭਾਰਤ ਦੇ ਕਾਲ ਵਿਚ ਅਭਿਮਨਯੂ ਦਾ ਪ੍ਰਸੰਗ ਅਜ ਵੀ ਬਹੁਤ ਪ੍ਰਸਿਧ ਹੈ ਕਿ ਉਸਦੇ ਮਾਤਾ ਦੇ ਗਰਭ ਵਿਚ ਹੀ ਚਕਰਵਿਊਹ ਨੂੰ ਤੋੜਨਾ ਸਿਖ ਲਿਆ ਸੀ। ਇਸ ਤੋਂ ਇਲਾਵਾ ਪੁਰਾਤਨ ਸਮੇਂ ਦੀ ਵਿਦਿਆ ਵਿਚ ਹੋਰਨਾਂ ਵਿਸ਼ਿਆਂ ਤੋਂ ਇਲਾਵਾ ਧਰਮ ਦੇ ਮਾਰਗ ਦੀ, ਕਦਰਾਂ ਕੀਮਤਾਂ ਦੀ ਵਿਦਿਆ ਪ੍ਰਧਾਨ ਹੁੰਦੀ ਸੀ। ਇਹੀ ਕਾਰਨ ਹੈ ਕਿ ਦੁਨੀਆਂ ਵਿਚ ਕਈ ਮਹਾਂਬਲੀਆਂ, ਮਹਾਂਪੁਰਖਾਂ, ਵਿਚਾਰਕਾਂ ਨੇ ਸਮਾਜ ਵਿਚ ਵਖ-ਵਖ ਸਮਿਆਂ ਵਿਚ ਆਪੋ ਆਪਣੀ ਥਾਂ ਪਕੀ ਕੀਤੀ। ਅਜ ਵੀ ਅਸੀਂ ਉਨ੍ਹਾਂ ਦਾ ਗੁਣਗਾਨ ਕਰਦੇ ਨਹੀਂ ਥਕਦੇ। ਪਰ ਇਸ ਤੋਂ ਉਲਟ ਅਜ ਦਾ ਸਮਾਜ ਇਸ ਲੋੜ ਨੂੰ ਅਖੋਂ ਪਰੋਖੇ ਕਰੀ ਬੈਠਾ ਹੈ।

ਅਜ ਦੇ ਮਾਪੇ ਇਸ ਫਰਜ਼ ਤੋਂ ਬਿਲਕੁਲ ਬੇਖ਼ਬਰ ਹੋ ਚੁਕੇ ਹਨ। ਮਾਤਾ ਦਾ ਗਰਭ, ਮਾਤਾ ਪਿਤਾ ਦੀ ਸਿਖਲਾਈ, ਮਨੁਖ ਦਾ ਪਹਿਲਾਂ ਵਿਦਿਆ ਦਾ ਮੰਦਰ ਹੁੰਦੇ ਹਨ। ਅਜ ਇਸ ਮੰਦਰ ਦੀ ਥਾਂ ਤੇ ਕੁਝ ਹੋਰ ਹੀ ਦ੍ਰਿਸ਼ ਵੇਖਣ ਨੂੰ ਮਿਲ ਰਹੇ ਹਨ। ਇਥੇ ਹੁਣ ਪੂਜਾ ਨਹੀਂ ਹੁੰਦੀ। ਬਚਾ ਜਦੋਂ ਮਾਤਾ ਦੇ ਗਰਭ ਵਿਚ ਹੁੰਦਾ ਹੈ ਤਾਂ ਮਾਤਾ ਇਸ ਗਲ ਦੀ ਪ੍ਰਵਾਹ ਕੀਤੇ ਬਿਨਾਂ ਰੰਗ-ਰਲੀਆਂ ਵਿਚ ਮਸਤ ਰਹਿੰਦੀ ਹੈ। ਅਜ ਦੀ ਹੋਣ ਵਾਲੀ ਮਾਤਾ ਭੁਲ ਜਾਂਦੀ ਹੈ ਕਿ ਉਸ ਦਾ ਗਰਭ, ਆਉਣ ਵਾਲੇ ਸ਼ਿਸ਼ੂ ਦਾ ਵਿਦਿਆ ਦਾ ਮੰਦਰ ਵੀ ਹੈ। ਉਹ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਪ੍ਰਮਾਤਮਾ ਦਾ ਨਾਮ ਨਹੀਂ ਜਪਦੀ। ਬੈੱਡ ਟੀ ਨਾਲ ਉਠਦੀ ਹੈ, ਸਹੁਰੇ ਦਾ ਸਤਿਕਾਰ ਉਸ ਲਈ ਕੁਝ ਨਹੀਂ। ਨਾਚ ਗਾਣੇ, ਕਿਟੀ-ਪਾਰਟੀਆਂ, ਟੀ.ਵੀ ਸੀਰੀਅਲ, ਫ਼ਿਲਮਾਂ ਅਤੇ ਹੋਰ ਰੰਗ ਰਲੀਆਂ ਉਸਦੀ ਰੋਜ਼ਾਨਾ ਜ਼ਿੰਦਗੀ ਦਾ ਅਤੁੱਟ ਹਿਸਾ ਹੁੰਦੇ ਹਨ। ਪਹਿਲਾਂ ਰਾਤ ਨੂੰ ਧਰਮ ਪੋਥੀਆਂ ਪੜ੍ਹ ਕੇ ਮਾਵਾਂ ਸੌਂਦੀਆਂ ਸਨ। ਅਜ ਟੀ.ਵੀ ਸੀਰੀਅਲਜ਼ ਨੇ ਉਨ੍ਹਾਂ ਦੀ ਥਾਂ ਲੈ ਲਈ ਹੈ ਜਿੰਨ੍ਹਾਂ ਵਿਚ ਅਸ਼ਲੀਲਤਾ ਤੇ ਹਿੰਸਾ ਪ੍ਰਧਾਨ ਹਨ ਇਹੀ ਸਭ ਕੁਝ ਆਉਣ ਵਾਲਾ ਬਚਾ ਅਣਜਾਣੇ ਵਿਚ ਹੀ ਸਿਖ ਲੈਂਦਾ ਹੈ। ਗੁਰਬਾਣੀ ਅਨੁਸਾਰ ਬੱਚੇ ਨੂੰ ਸਿਖਿਆ ਦੇਣ ਦੀ ਪੂਰੀ ਜ਼ਿਮੇਂਵਾਰੀ ਮਾਂ ਦੀ ਹੁੰਦੀ ਹੈ। ਜੇ ਮਾਂ ਇਹ ਫ਼ਰਜ਼ ਨਹੀਂ ਨਿਭਾਉਂਦੀ ਤਾਂ ਉਹ

ਕਸੂਰਵਾਰ ਹੈ ਅਤੇ ਸਜ਼ਾ ਦੀ ਭਾਗਣ ਹੈ। ਗੁਰੂ ਰਾਮਦਾਸ ਸਾਹਿਬ ਨੇ ਸਿਧਾ ਫ਼ੁਰਮਾਨ ਕੀਤਾ ਹੈ ਕਿ ਜਿਸ ਮਾਂ ਦੇ ਬਚੇ ਦੇ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਨਹੀਂ ਵਸਿਆ ਅਜਿਹੀ ਮਾਂ ਦਾ ਪਹਿਲਾਂ ਹੀ ਬਾਂਝ ਹੋ ਜਾਣਾ ਹੀ ਚੰਗਾ ਸੀ ਤਾਂਕਿ ਅਜਿਹਾ ਬਚਾ ਜਨਮ ਹੀ ਨਾ ਲੈ ਪਾਂਦਾ:

ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.੬੯੭

ਭਗਤ ਕਬੀਰ ਜੀ ਨੇ ਵੀ ਅਜਿਹੇ ਹੀ ਬਚਨ ਕੀਤੇ ਹਨ ਕਿ ਅਜਿਹੀ ਮਾਂ ਦਾ ਵਿਧਵਾ ਹੋ ਜਾਣਾ ਹੀ ਬਿਹਤਰ ਹੈ ਜਿਸਦਾ ਬਚਾ ਪਰਮਾਤਮਾਂ ਦੇ ਗਿਆਨ ਦਾ ਵੀਚਾਰਕ ਨਹੀ ਬਣਦਾ:

ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥
ਉਹੀ, ਪੰ.੩੨੯

ਇਸ ਤਰ੍ਹਾਂ ਗੁਰਬਾਣੀ ਤੋਂ ਸਿਧ ਹੋ ਜਾਂਦਾ ਹੈ ਕਿ ਬਚੇ ਨੂੰ ਧਰਮ ਦੀ ਸਿਖਿਆ ਦੇਣੀ, ਮਾਤਾ ਪਿਤਾ ਦਾ ਜ਼ਰੂਰੀ ਫ਼ਰਜ਼ ਹੁੰਦਾ ਹੈ। ਬਚੇ ਜਮਣ ਦਾ ਅਰਥ ਹੁੰਦਾ ਹੈ, ਰਬ ਦੀ ਸ੍ਰਿਸ਼ਟੀ ਨੂੰ ਅਗੇ ਤੋਰਨ ਵਿਚ ਆਪਣਾ ਯੋਗਦਾਨ ਪਾਉਣਾ। ਜੇ ਇਸ ਯੋਗਦਾਨ ਪਾਉਣ ਵਿਚ ਕੁਤਾਹੀ ਹੁੰਦੀ ਹੈ ਤਾਂ ਫ਼ਿਰ ਮਨੁਖ ਜ਼ਰੂਰ ਕਸੂਰਵਾਰ ਬਣ ਜਾਂਦਾ ਹੈ। ਇਹ ਕੁਤਾਹੀ ਅਜ ਦੇ ਮਾਤਾ ਪਿਤਾ ਕਰ ਰਹੇ ਹਨ। ਅਜ ਬਚੇ ਨੂੰ ਜਨਮ ਦੇਣ ਤੋਂ ਬਾਅਦ ਮਾਤਾ-ਪਿਤਾ ਬਚਿਆਂ ਨੂੰ ਗੁਰਮਤਿ ਅਨੁਸਾਰ ਚੰਗੇ ਸੰਸਕਾਰ ਦੇਣ ਦੇ ਇਛੁਕ ਨਹੀਂ ਰਹੇ। ਬਚਿਆਂ ਨੂੰ ਜਪੁ ਬਾਣੀ ਦੇ ਬਾਰੇ ਪਤਾ ਲਗੇ ਜਾਂ ਨਾਂ, ਸਿਖੀ ਦੇ ਗੌਰਵਮਈ ਇਤਿਹਾਸ, ਗੁਰਮਤਿ ਦੇ ਅਸੂਲਾਂ ਬਾਰੇ ਪਤਾ ਲਗੇ ਜਾਂ ਨਾਂ, ਮਾਤਾ ਪਿਤਾ ਨੂੰ ਕੋਈ ਪਰਵਾਹ ਨਹੀਂ। ਹਾਂ! ਉਹ ਬਚੇ ਲਈ ਮਹਿੰਗੇ ਤੋਂ ਮਹਿੰਗੇ ਖਿਡੌਣੇ, ਝੂਲੇ, ਕਪੜੇ, ਪੈਸੇ ਅਤੇ ਹੋਰ ਸਾਜੋ-ਸਮਾਨ ਖਰੀਦਣ ਲਈ ਬੜੇ ਉਤਸੁਕ ਹੁੰਦੇ ਹਨ। ਇਨ੍ਹਾਂ ਮਹਿੰਗੀਆਂ ਵਸਤਾਂ ਨੇ ਬਚੇ ਨੂੰ ਚੰਗੇ ਸੰਸਕਾਰ ਨਹੀਂ ਦੇਣੇ ਸਗੋਂ ਇਹ ਬਚੇ ਨੂੰ ਵਿਗਾੜਨ ਦੇ ਸਾਧਨ ਜ਼ਰੂਰ ਬਣ ਰਹੇ ਹਨ। ਸ਼ੁਰੂ ਤੋਂ ਹੀ ਮਾਤਾ-ਪਿਤਾ ਦੀ ਇਹ ਇਛਾ ਰਹਿੰਦੀ ਹੈ ਕਿ ਬੱਚੇ ਨੂੰ ਮਾਇਆ ਤੇ ਮਾਇਅਕ ਪਦਾਰਥਾਂ ਦੀ ਨਾਂ ਕਦੇ ਤੋਟ ਆਵੇ ਤੇ ਨਾ ਮਹਿਸੂਸ ਹੋਵੇ। ਧੰਨ ਪਦਾਰਥਾਂ ਦੀ ਬਹੁਲਤਾ ਬਚੇ ਦੇ ਸਿਰ ਤੇ ਚੜ੍ਹਨ ਲਗ ਜਾਂਦੀ ਹੈ। ਬਚੇ ਨੂੰ ਮਹਿੰਗੇ ਤੋਂ ਮਹਿੰਗੇ ਸਕੂਲਾਂ ਵਿਚ ਪੜ੍ਹਨ ਲਈ ਪਾਇਆ ਜਾਂਦਾ ਹੈ। ਜਿਥੇ ਅਜ ਕਲ੍ਹ ਬੱਚਾ ਆਪਣਾ ਧਰਮ ਤੇ ਸਭਿਅਤਾ ਨਾਂ ਪੜ੍ਹ ਕੇ ਵਿਦੇਸ਼ੀ ਭਾਸ਼ਾ ਦੀ ਟੈਂ-ਟੈਂ ਖ਼ੂਬ ਸਿਖ ਜਾਂਦਾ ਹੈ। ਆਪਣੀ ਮਾਤ ਭਾਸ਼ਾ ਦਾ ਸਥਾਨ ਤਾਂ ਕੋਈ ਰਹਿੰਦਾ ਹੀ ਨਹੀਂ। ਬਚਾ ਜਿਤਨੀ ਵਿਦੇਸ਼ੀ ਬੋਲੀ ਜ਼ਿਆਦਾ ਸਿਖਦਾ ਹੈ ਉਸਦੇ ਮਾਪੇ ਵਧ ਖ਼ੁਸ਼ ਹੁੰਦੇ ਹਨ। ਪਰ ਗੁਰੂ ਨਾਨਕ ਸਾਹਿਬ ਨੇ ਆਪਣੀ ਮਾਤ ਬੋਲੀ ਛਡਣ ਵਾਲਿਆਂ ਨੂੰ ਸਾਵਧਾਨ ਕੀਤਾ ਹੈ। ਇਸਲਾਮਿਕ ਰਾਜ ਦੇ ਅਸਰ ਕਰਕੇ ਹਿੰਦੂ ਆਪਣੀ

ਬੋਲੀ ਛਡ ਕੇ ਇਸਲਾਮਿਕ ਭਾਸ਼ਾ ਪਕੜ ਰਹੇ ਸਨ ਜਿਸਦਾ ਗੁਰੂ ਸਾਹਿਬ ਨੇ ਖੰਡਨ ਕੀਤਾ:

ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥
ਉਗੀ, ਪੰ.੧੧੯੦

ਆਪਣੇ ਮਿਤਰਾਂ ਵਿਚ ਉਸਦਾ ਬੜੇ ਮਾਣ ਨਾਲ ਵਿਖਾਵਾ ਕਰਦੇ ਹਨ। ਮਾਪੇ ਵਲੋਂ ਜਲਦੀ ਹੀ ਬਚਿਆਂ ਨੂੰ ਮੋਟਰ ਸਾਈਕਲ ਤੇ ਕਾਰਾਂ ਵੀ ਮਿਲ ਜਾਂਦੀਆਂ ਹਨ ਕਿ ਜਦੋਂ ਕਿ ਅਜੇ ਉਨ੍ਹਾਂ ਦੀ ਉਮਰ ਹੀ ਇਨ੍ਹਾਂ ਦੇ ਅਨੁਕੂਲ ਨਹੀਂ ਹੁੰਦੀ। ਮਾਪੇ ਭੁਲ ਚੁਕੇ ਹਨ ਕਿ ਬਚੇ ਗੁਰੂ ਦਾ ਲੜ ਛਡ ਕੇ ਆਪਣਾ ਸਭਿਆਚਾਰ, ਮਾਤ-ਭਾਸ਼ਾ, ਸਿਖੀ ਦੇ ਉਚੇ ਵਿਰਸੇ ਤੋਂ ਦੂਰ ਹੋ ਕੇ ਅੰਗ੍ਰੇਜ਼ੀ ਤੌਰੇ ਬਣ ਰਹੇ ਹਨ। ਜਦੋਂ ਇਹੀ ਬਚੇ ਧਨ ਪਦਾਰਥ ਦੀ ਬਹੁਲਤਾ ਦੇ ਕਾਰਨ, ਮਾਪੇ ਦੀ ਗਲਵਕੜੀ ਦੀ ਥਾਂ 'ਤੇ ਨਸ਼ੇ, ਹਿੰਸਾ ਅਤੇ ਅਸ਼ਲੀਲਤਾ ਵਲ ਗ਼ਰਕ ਹੋ ਜਾਂਦੇ ਹਨ ਤਾਂ ਮਾਪੇ ਧਾਹਾਂ ਮਾਰ ਕੇ ਰੋਂਦੇ ਹਨ। ਫ਼ਿਰ ਕੋਈ ਉਨ੍ਹਾਂ ਨੂੰ ਵਾਪਸ ਨਹੀਂ ਲਿਆ ਸਕਦਾ। ਅਜ ਸਿਖ ਸਮਾਜ ਵਿਚ ਇਹੋ ਭਾਣਾ ਵਰਤਿਆ ਪਿਆ ਹੈ। ਵਧ ਤੋਂ ਵਧ ਖਚੇ ਅਤੇ ਨੌਜੁਆਨ ਨਸ਼ਿਆਂ ਦੇ ਰਾਹ ਤੇ ਤੁਰ ਪਏ ਹਨ ਅਤੇ ਪਤਿਤ ਹੋ ਚੁਕੇ ਹਨ। ਉਨ੍ਹਾਂ ਨੂੰ ਸਾਡੀ ਧਰਤੀ ਦੇ ਗੁਰੂ ਸਾਹਿਬਾਨ, ਗੁਰਸਿਖ, ਸ਼ਹੀਦ ਆਦਿ ਕਿਸੇ ਮਾਪੇ ਨੇ ਯਾਦ ਨਹੀਂ ਕਰਾਏ। ਸਾਡਾ ਗੌਰਵਮਈ ਵਿਰਸਾ ਉਨ੍ਹਾਂ ਲਈ ਕੋਈ ਅਹਿਮੀਅਤ ਨਹੀਂ ਰਖਦਾ। ਉਹ ਗੁਰਬਾਣੀ, ਕਦਰਾਂ-ਕੀਮਤਾਂ ਤੋਂ ਦਿਨੋਂ-ਦਿਨ ਦੂਰ ਹੁੰਦੇ ਜਾ ਰਹੇ ਹਨ। ਜਿੰਨਾ ਮਾਪਿਆਂ ਨੇ ਉਨ੍ਹਾਂ ਨੂੰ ਗਲਤ ਲਾਡ-ਪਿਆਰ ਨਾਲ ਵਿਗਾੜਿਆ ਹੈ ਉਹ ਉਨ੍ਹਾਂ ਨੂੰ ਵੀ ਅਖਾਂ ਦਿਖਾ ਰਹੇ ਹਨ। ਪਰ ਅਜੇ ਵੀ ਅਜ ਦੇ ਮਾਪਿਆ ਦਾ ਮਾਇਆ ਦਾ ਨਸ਼ਾ ਨਹੀਂ ਟੁਟਾ। ਅਜੇ ਵੀ ਉਹ ਬਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਸ਼ੁਰੂ ਨਹੀਂ ਹੋਏ। ਜੇ ਇਹੀ ਕੁਝ ਜਾਰੀ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਰੀ ਸਿਖੀ ਦਾ ਘਾਣ ਹੋ ਚੁੱਕਾ ਹੋਵੇਗਾ। ਸੌਂ ਰਹੇ ਮਾਪਿਓ! ਜਾਗੋ! ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਆਪਣੀ ਪੀੜ੍ਹੀ ਨੂੰ ਹੁਣ ਵੀ ਗੁਰਮਤਿ ਦਾ ਪਾਠ ਪੜ੍ਹਾ ਲਉ। ਕਹਿੰਦੇ ਹਨ ਕਿ ਸਵੇਰ ਦਾ ਭੁਲਿਆ ਸ਼ਾਮ ਤਕ ਘਰ ਆ ਜਾਵੇ ਤਾਂ ਉਸਨੂੰ ਭੁਲਿਆ ਨਹੀਂ ਕਹਿੰਦੇ। ਨਹੀਂ ਤਾਂ ਅਸੀਂ ਆਪਣੇ ਗੁਰੂ ਦੇ ਦੇਣਦਾਰ ਰਹਿ ਜਾਵਾਂਗੇ।